**ਅਕਾਦਮਿਕ ਸਾਲ (2025-26)**

**ਅਰਥ ਸ਼ਾਸਤਰ (ਹਿਊਮੈਨਿਟੀਜ਼ / ਕਾਮਰਸ)**

**ਸ਼੍ਰੇਣੀ-ਬਾਰ੍ਹਵੀਂ**

**ਮਾਡਲ ਪ੍ਰਸ਼ਨ ਪੱਤਰ**

**ਸਮਾਂ:3 ਘੰਟੇ** **ਕੁੱਲ ਅੰਕ :80**

**ਆਮ ਹਦਾਇਤਾਂ :**

**ਇਸ ਪ੍ਰਸ਼ਨ ਪੱਤਰ ਵਿੱਚ ਕੁੱਲ ਪੰਜ ਪ੍ਰਸ਼ਨ ਹਨ।**

**ਸਾਰੇ ਪ੍ਰਸ਼ਨ ਲਾਜ਼ਮੀ ਹਨ ।**

**ਸਧਾਰਨ ਕੈਲਕੂਲੇਟਰ ਦੀ ਵਰਤੋਂ ਕੀਤੀ ਜਾ ਸਕਦੀ ਹੈ।**

**ਪ੍ਰਸ਼ਨ 1. ਇਸ ਪ੍ਰਸ਼ਨ ਦੇ 20 ਉਪ-ਭਾਗ ਹਨ। ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਇੱਕ ਨੰਬਰ ਦਾ ਹੋਵੇਗਾ ।** 20×1=20

I. ਵਸਤੂ ਦੀ ਖਰੀਦ ਅਤੇ ਵੇਚ ਨਾਲ ਸਬੰਧਤ ਗਤੀਵਿਧੀਆਂ ਨੂੰ ........................ ਕਹਿੰਦੇ ਹਨ।

ੳ) ਉਪਭੋਗ ਅ) ਵਟਾਂਦਰਾ ੲ) ਉਤਪਾਦਨ ਸ) ਉਪਰੋਕਤ ਸਾਰੇ

II. ਘੱਟਦੇ ਸੀਮਾਂਤ ਤੁਸ਼ਟੀਗੁਣ ਦਾ ਨਿਯਮ.................... ਨਾਲ ਸਬੰਧਤ ਹੈ।

ੳ) ਉਪਭੋਗ ਅ) ਵਟਾਂਦਰਾ ੲ) ਉਤਪਾਦਨ ਸ) ਵਿਕਰੀ

III. ਉਦਾਸੀਨਤਾ ਵੱਕਰ ਇੱਕ ਦੂਜੇ ਨੂੰ ਕੱਟ ਸਕਦੇ ਹਨ । (ਸਹੀ/ਗਲਤ)

IV. ਜਦੋਂ ਮੰਗ ਵੱਕਰ **X** ਅਕਸ ਦੇ ਸਮਾਨੰਤਰ ਹੁੰਦਾ ਹੈ ਤਾਂ ਮੰਗ ਦੀ ਲੋਚ _______ਹੁੰਦੀ ਹੈ।

ੳ) ਇਕਾਈ ਅ) ਸਿਫਰ ੲ) ਇਕਾਈ ਤੋਂ ਵੱਧ ਸ) ਅਨੰਤ

V. **AC = …………..+AVC (TFC, AFC)**

VI. ਹੇਠ ਦਿੱਤੇ ਪ੍ਰਸ਼ਨਾਂ ਵਿੱਚ ਦੋ ਕਥਨ ਦਿੱਤੇ ਗਏ ਹਨ। ਇਹਨਾਂ ਕਥਨਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾ ਦਿੱਤੇ ਗਏ ਵਿਕਲਪਾਂ ਵਿੱਚੋਂ ਸਹੀ ਵਿਕਲਪ ਦੀ ਚੋਣ ਕਰੋ।

ੳ) ਕਥਨ 1 ਗਲਤ ਹੈ ਅਤੇ ਕਥਨ 2 ਸਹੀ ਹੈ।

ਅ) ਕਥਨ 2 ਗਲਤ ਹੈ ਅਤੇ ਕਥਨ 1 ਸਹੀ ਹੈ।

ੲ) ਦੋਵੇਂ ਕਥਨ ਸਹੀ ਹਨ।

ਸ) ਦੋਵੇਂ ਕਥਨ ਗਲਤ ਹਨ।

ਕਥਨ 1 ਵੱਧ ਉਤਪਾਦਨ ਦਾ ਅਰਥ ਹਮੇਸ਼ਾ ਵੱਧ ਆਮਦਨ ਹੈ।

ਕਥਨ 2 ਵੱਧ ਆਮਦਨ ਦਾ ਅਰਥ ਹਮੇਸ਼ਾ ਇੱਕ ਫਰਮ ਦੇ ਲਈ ਉੱਚ ਲਾਭ ਹੈ।

VII. ਸਹੀ ਮਿਲਾਣ ਕਰੋ।

| **ਕਾਲਮ-1** | **ਕਾਲਮ-2** |
|---|---|
| **(A)** ਕੁੱਲ ਆਮਦਨ (**TR**) | **(i)Δ TR ÷ ΔQ** |
| **(B)** ਔਸਤ ਆਮਦਨ (**AR**) | **(ii)** ਔਸਤ ਆਮਦਨ (**AR**) |
| **(C)** ਸੀਮਾਂਤ ਆਮਦਨ (**MR**) | **(iii) P×Q** |
| **(D)** ਕੀਮਤ | **(iv) TR÷Q** |

| | **(A)** | **(B)** | **(C)** | **(D)** |
|---|---|---|---|---|
| **(ੳ)** | **(ii)** | **(iv)** | **(iii)** | **(i)** |
| **(ਅ)** | **(iii)** | **(iv)** | **(i)** | **(ii)** |
| **(ੲ)** | **(i)** | **(ii)** | **(iii)** | **(iv)** |
| **(ਸ)** | **(iii)** | **(ii)** | **(i)** | **(iv)** |

VIII. ਜੇਕਰ ਪੂਰਤੀ ਦੀ ਲੋਚ ਇਕਾਈ ਹੈ, ਵਸਤੂ ਦੀ ਕੀਮਤ ਵਿੱਚ 15% ਦਾ ਵਾਧਾ ਹੋਣ ਤੇ ਉਸ ਦੀ ਪੂਰਤੀ ਵਿੱਚ ਕਿੰਨੇ ਪ੍ਰਤੀਸ਼ਤ ਵਾਧਾ ਹੋਵੇਗਾ?

ੳ) 8 ਪ੍ਰਤੀਸ਼ਤ ਅ)12 ਪ੍ਰਤੀਸ਼ਤ ੲ) 15 ਪ੍ਰਤੀਸ਼ਤ ਸ) 10 ਪ੍ਰਤੀਸ਼ਤ

IX. ਕਾਲਮ-1 ਅਤੇ ਕਾਲਮ-2 ਵਿੱਚ ਦਿੱਤੇ ਗਏ ਕਥਨਾਂ ਦੇ ਸਮੂਹ ਵਿੱਚੋਂ ਸਹੀ ਜੋੜੇ ਦੀ ਚੋਣ ਕਰੋ।

| **ਕਾਲਮ-1** | **ਕਾਲਮ-2** |
|---|---|
| **(A)** ਵਾਸਤਵਿਕ ਪ੍ਰਵਾਹ | **(i)** ਵਸਤੂਆਂ ਅਤੇ ਸੇਵਾਵਾਂ ਲਈ ਨਕਦ ਭੁਗਤਾਨ |
| **(B)** ਮੁਦਰਾ ਦਾ ਪ੍ਰਵਾਹ | **(ii)** ਵਸਤੂਆਂ ਅਤੇ ਸੇਵਾਵਾਂ ਲਈ ਨਕਦ ਭੁਗਤਾਨ |
| **(C)** ਵਾਪਸੀ(ਛੇਦ) | **(iii)** ਫਰਮ ਰਾਹੀਂ ਨਿਵੇਸ਼ |
| **(D)** ਸਮਾਵੇਸ਼ | **(iv)** ਕਰਾਂ ਦਾ ਭੁਗਤਾਨ |

ੳ) **(A) -- i** ਅ) **(B) -- ii** ੲ) **(C) --iii** ਸ) **(D) --iv**

X. ਹੇਠ ਲਿਖਿਆਂ ਵਿੱਚੋਂ ਕਿਹੜੀ/ਕਿਹੜੀਆਂ ਪੂਰਨ ਮੁਕਾਬਲਾ ਬਜ਼ਾਰ ਦੀਆਂ ਵਿਸ਼ੇਸਤਾਵਾਂ ਹਨ?

ੳ)ਸਮਰੂਪ ਵਸਤੂਆਂ ਅ) ਪੂਰਨ ਗਿਆਨ ੲ) ਵਿਕਰੇਤਾਵਾਂ ਅਤੇ ਖਰੀਦਦਾਰ ਦੀ ਵੱਧ ਸੰਖਿਆ ਸ) ਉਪਰੋਕਤ ਸਾਰੇ

XI. ਦੂਹਰੀ ਗਣਨਾ ਦੇ ਫਲਸਰੂਪ ਰਾਸ਼ਟਰੀ ਆਮਦਨ ਦਾ-------------।

ੳ) ਮੁੱਲ ਵਧ ਜਾਂਦਾ ਹੈ। ਅ) ਮੁੱਲ ਘੱਟ ਜਾਂਦਾ ਹੈ। ੲ) ਸਹੀ ਅਨੁਮਾਨ ਲੱਗ ਜਾਂਦਾ ਹੈ। ਸ) ਉਪਰੋਕਤ ਸਾਰੇ

XII. ਅਰਥਵਿਵਸਥਾ ਵਿੱਚ ਸਾਖ ਪੂਰਤੀ ਨੂੰ ਨਿਯੰਤਰਣ ਕਰਨ ਲਈ ਕੇਂਦਰੀ ਬੈਂਕ................................।

ੳ) ਖੁੱਲੇ ਬਾਜ਼ਾਰ ਵਿੱਚ ਪ੍ਰਤੀਭੂਤੀਆਂ ਖਰੀਦਦਾ ਹੈ।

ਅ) ਖੁੱਲੇ ਬਾਜ਼ਾਰ ਵਿੱਚ ਪ੍ਰਤੀਭੂਤੀਆਂ ਵੇਚਦਾ ਹੈ।

ੲ) ਰੈਪੋ ਰੇਟ ਵਿੱਚ ਕਮੀ ਕਰਦਾ ਹੈ।

ਸ) ਬੈਂਕ ਦਰ ਵਿੱਚ ਕਮੀ ਕਰਦਾ ਹੈ।

XIII. ਵਿਦੇਸ਼ੀ ਮੁਦਰਾ ਦਾ ਮੰਗ ਵੱਕਰ ਦਾ ਪ੍ਰਵਾਹ ਉਪਰ ਵੱਲ ਹੁੰਦਾ ਹੈ। (ਸਹੀ/ ਗਲਤ)

XIV. ਵਿਨਿਵੇਸ਼ ਸਰਕਾਰ ਦੀਆਂ......................ਪ੍ਰਾਪਤੀਆਂ ਹਨ। ( ਪੂੰਜੀਗਤ/ ਰਾਜਸਵੀ)

XV. ਸਰਕਾਰ ਦਾ ਪ੍ਰਾਥਮਿਕ ਘਾਟਾ 2569 ਕਰੋੜ ਰੁਪਏ ਅਤੇ ਵਿਆਜ ਦਾ ਭੁਗਤਾਨ 498 ਕਰੋੜ ਰੁਪਏ ਹੈ ਤਾਂ ਰਾਜਸਵੀ ਘਾਟਾ ਕਿਨ੍ਹਾਂ ਹੋਵੇਗਾ?

XVI. ੳ) 3670 ਕਰੋੜ ਰੁਪਏ ਅ) 3037 ਕਰੋੜ ਰੁਪਏ ੲ) 3607 ਕਰੋੜ ਰੁਪਏ ਸ) 3067 ਕਰੋੜ ਰੁਪਏ

XVII. ਕਥਨ ਅਤੇ ਕਾਰਣ

ਹੇਠ ਦਿੱਤੇ ਪ੍ਰਸ਼ਨ ਵਿੱਚ ਕਥਨ (A) ਅਤੇ ਕਾਰਣ (R) ਦਿੱਤਾ ਗਿਆ ਹੈ। ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਸਹੀ ਵਿਕਲਪ ਦੀ ਚੋਣ ਕਰੋ:

ਵਿਕਲਪ:

(a) ਕਥਨ (A) ਅਤੇ ਕਾਰਨ (R) ਦੋਵੇਂ ਸਹੀ ਹਨ ਅਤੇ ਕਾਰਣ (R) ਕਥਨ (A) ਦਾ ਸਹੀ ਸਪਸ਼ਟੀਕਰਨ ਹੈ

(b) ਕਥਨ (A) ਅਤੇ ਕਾਰਨ (R) ਦੋਵੇਂ ਸਹੀ ਹਨ ਅਤੇ ਕਾਰਣ (R) ਕਥਨ (A) ਦਾ ਸਹੀ ਸਪਸ਼ਟੀਕਰਨ ਨਹੀਂ ਹੈ

(c) ਕਥਨ (A) ਸਹੀ ਹੈ ਪਰ ਕਾਰਨ (R) ਗਲਤ ਹੈ

(d) ਕਥਨ (A) ਗਲਤ ਹੈ ਪਰ ਕਾਰਨ (R) ਸਹੀ ਹੈ

**ਕਥਨ (A)** : ਜਦੋਂ ਵਪਾਰ ਬਾਕੀ ਵਿੱਚ ਘਾਟਾ ਹੁੰਦਾ ਹੈ ਤਾਂ ਭੁਗਤਾਨ ਬਾਕੀ ਵਿੱਚ ਘਾਟਾ ਨਹੀਂ ਹੁੰਦਾ ਹੈ।

**ਕਾਰਨ (R)**: ਵਪਾਰ ਬਾਕੀ ਭੁਗਤਾਨ ਬਾਕੀ ਖਾਤਿਆਂ ਦਾ ਸਿਰਫ ਇੱਕ ਭਾਗ ਹੈ।

XVIII. ਸੁਰਜੀਤ ਨੇ ਸਾਲ 2023 ਦੌਰਾਨ ਐੱਮ ਏ. ਪਾਸ ਕੀਤੀ ਹੈ। ਉਸ ਨੂੰ ਕਿਸੇ ਦਫ਼ਤਰ ਵਿੱਚ ਕਲਰਕ ਦੀ ਨੌਕਰੀ ਮਿਲ ਰਹੀ ਹੈ ਪਰ ਉਹ ਕਰਨਾ ਨਹੀਂ ਚਾਹੁੰਦਾ। ਦੱਸੋ ਇਹ ਕਿਸ ਪ੍ਰਕਾਰ ਦੀ ਬੇਰੋਜ਼ਗਾਰੀ ਦੀ ਉਦਾਹਰਣ ਹੈ?

ੳ)ਸੰਘਰਸ਼ਆਤਮਕ ਬੇਰੁਜ਼ਗਾਰੀ ਅ) ਸੰਰਚਨਾਤਮਕ ਬੇਰੁਜ਼ਗਾਰੀ ੲ) ਇੱਛੁਕ ਬੇਰੁਜ਼ਗਾਰੀ ਸ) ਅਣਇੱਛੁਕ ਬੇਰੁਜ਼ਗਾਰੀ

XIX. ਇੱਕ ਵਪਾਰੀ ਦੁਆਰਾ ਦੂਸਰੇ ਵਪਾਰੀ ਨੂੰ ਚਾਲੂ ਖਾਤੇ ਵਿੱਚੋਂ ਜਾਰੀ ਕੀਤਾ ਚੈੱਕ.............. ਮੁਦਰਾ ਹੈ। ( ਨਿਕਟ ਮੁਦਰਾ/ ਆਦੇਸ਼ ਮੁਦਰਾ)

XX. ਇੱਕ ਅਰਥ ਵਿਵਸਥਾ ਵਿੱਚ ਰਾਸ਼ਟਰੀ ਆਮਦਨ 20 ਹਜਾਰ ਕਰੋੜ ਰੁਪਏ ਹੈ ਅਤੇ MPC= 0.5 ਹੈ ਤਾਂ ਉਪਭੋਗ ਖਰਚ ਕਿੰਨਾ ਹੋਵੇਗਾ?

**ਪ੍ਰਸ਼ਨ 2. ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ। ਹਰੇਕ ਪ੍ਰਸ਼ਨਾਂ ਦਾ ਉੱਤਰ 25-30 ਸ਼ਬਦਾਂ ਵਿੱਚ ਹੋਣਾ ਚਾਹੀਦਾ ਹੈ।** **10×2=20**

I. ਕੀ ਮੱਧਵਰਤੀ ਵਸਤੂਆਂ ਨੂੰ ਜੀ ਡੀ ਪੀ ਅਤੇ ਰਾਸ਼ਟਰੀ ਆਮਦਨ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ? ਕਾਰਨ ਦੱਸੋ।

II. ਸਾਖ ਮੁਦਰਾ ਕੀ ਹੈ ?

III. ਜੇਕਰ ਖਰਚਯੋਗ ਆਮਦਨ 1050 ਕਰੋੜ ਰੁਪਏ ਅਤੇ ਉਪਭੋਗ ਦਾ ਪੱਧਰ ੮00 ਕਰੋੜ ਰੁਪਏ ਹੈ ਤਾਂ ਔਸਤ ਬੱਚਤ ਪ੍ਰਵਿਰਤੀ ਪਤਾ ਕਰੋ

IV. ਵਿਆਜ ਦਾ ਭੁਗਤਾਨ ਇੱਕ ਰਾਜਸਵ ਖਰਚ ਕਿਉਂ ਹੈ ?

V. ਦੁਰਲੱਭਤਾ ਅਤੇ ਚੋਣ ਇਕੱਠੇ ਚਲਦੇ ਹਨ ਵਿਆਖਿਆ ਕਰੋ ?

VI. ਹੇਠਾਂ ਦਿੱਤੀ ਤਾਲਿਕਾ ਨੂੰ ਪੂਰਾ ਕਰੋ।

| | | | | | | |
|---|---|---|---|---|---|---|
| **ਉਪਭੋਗ ਕੀਤੀਆਂ ਗਈਆਂ ਇਕਾਈਆਂ** | 0 | 1 | 2 | 3 | 4 | 5 |
| **ਕੁੱਲ ਉਪਯੋਗਿਤਾ** | 0 | 10 | ? | 38 | ? | 55 |
| **ਸੀਮਾਂਤ ਉਪਯੋਗਿਤਾ** | ? | ? | 15 | ? | 10 | ? |

VII. ਪੈਮਾਨੇ ਦੇ ਪ੍ਰਤੀਫਲ ਦੇ ਨਿਯਮ ਨੂੰ ਪਰਿਭਾਸ਼ਿਤ ਕਰੋ।

VIII. ਸੰਤੁਲਨ ਕੀਮਤ ਦਾ ਅਰਥ ਸਪਸ਼ਟ ਕਰੋ।

IX. ਵਪਾਰ ਬਾਕੀ ਤੋਂ ਕੀ ਭਾਵ ਹੈ ?

X. ਪੂਰਨ ਮੁਕਾਬਲਾ ਬਾਜ਼ਾਰ ਵਿੱਚ ਫਰਮ ਦੇ ਸੰਤੁਲਨ ਦੀਆਂ ਸ਼ਰਤਾਂ ਲਿਖੋ।

**ਪ੍ਰਸ਼ਨ 3. (i) ਹੇਠਾਂ ਦਿੱਤੇ ਗਏ ਪੈਰ੍ਹੇ ਨੂੰ ਪੜ੍ਹੋ ਅਤੇ ਫਿਰ ਉਸਦੇ ਹੇਠਾਂ ਦਿੱਤੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਓ। ਹਰੇਕ ਪ੍ਰਸ਼ਨ ਦਾ 1 ਅੰਕ ਹੈ।** **6×2=12**

ਲਾਗਤ-ਲਾਭ ਵਿਸ਼ਲੇਸ਼ਣ ਕਿਸੇ ਵੀ ਪਰਿਯੋਜਨਾ ਨਾਲ ਸੰਬੰਧਿਤ ਸੰਭਾਵਿਤ ਜਾਂ ਅਨੁਮਾਨਿਤ ਲਾਗਤਾਂ ਅਤੇ ਲਾਭ (ਜਾਂ ਮੌਕਿਆਂ) ਦੀ ਤੁਲਨਾ ਕਰਨ ਦੀ ਤਕਨੀਕ ਹੈ ਤਾਂ ਜੋ ਇਹ ਫ਼ੈਸਲਾ ਕੀਤਾ ਜਾ ਸਕੇ ਕਿ ਕੀ ਆਰਥਿਕ ਪੱਖ ਤੋਂ ਕਿਸੇ ਪਰਿਯੋਜਨਾ ਨੂੰ ਅਪਣਾਉਣਾ ਲਾਹੇਵੰਦ ਹੈ ਜਾਂ ਨਹੀਂ। ਆਮਤੌਰ ਤੇ, ਇਸ ਤਕਨੀਕ ਦੇ ਅੰਤਰਗਤ ਪਰਿਯੋਜਨਾ ਦੀ ਕੁੱਲ ਲਾਗਤ ਦੀ ਤੁਲਨਾ ਉਸ ਤੋਂ ਪ੍ਰਾਪਤ ਹੋਣ ਵਾਲੇ ਸਾਰੇ ਹੀ ਅਨੁਮਾਨਿਤ ਲਾਭਾਂ ਨਾਲ ਕੀਤੀ ਜਾਂਦੀ ਹੈ। ਜੇਕਰ ਅਨੁਮਾਨਿਤ ਲਾਭ ਲਾਗਤਾਂ ਤੋਂ ਜ਼ਿਆਦਾ ਹੋਣ, ਤਾਂ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਪਰਿਯੋਜਨਾ ਨੂੰ ਅਪਣਾਉਣਾ ਲਾਹੇਵੰਦ ਹੈ। ਦੂਜੇ ਪਾਸੇ, ਜੇਕਰ ਲਾਗਤਾਂ ਲਾਭਾਂ ਤੋਂ ਜ਼ਿਆਦਾ ਹੋਣ, ਤਾਂ ਫਿਰ ਫ਼ੈਸਲੇ ਜਾਂ ਪਰਿਯੋਜਨਾ ਬਾਰੇ ਮੁੜ ਤੋਂ ਸੋਚਣਾ ਸਿਆਣਪ ਹੁੰਦੀ ਹੈ। ਲਾਗਤ-ਲਾਭ ਵਿਸ਼ਲੇਸ਼ਣ ਕਰਨ ਦੇ ਕਈ ਫਾਇਦੇ ਹੁੰਦੇ ਹਨ। ਇਸਦਾ ਸਭ ਤੋਂ ਵੱਡਾ

ਫਾਇਦਾ ਇਹ ਹੁੰਦਾ ਹੈ ਕਿ ਇਸ ਨਾਲ ਸਹੀ ਪਰਿਯੋਜਨਾ ਦੀ ਚੋਣ ਕਰਨ ਵਿਚ ਮਦਦ ਮਿਲਦੀ ਹੈ । ਜਿਸ ਨਾਲ ਬਾਅਦ ਵਿਚ ਹਾਨੀ ਨਹੀਂ ਹੁੰਦੀ ਹੈ। ਇਸ ਤੋਂ ਇਲਾਵਾ, ਲਾਗਤ-ਲਾਭ ਵਿਸ਼ਲੇਸ਼ਣ ਦੇ ਅੰਤਰਗਤ ਵਿਭਿੰਨ ਫ਼ੈਸਲੇ ਅੰਕੜਿਆਂ ਦੇ ਅਧਾਰ ਤੇ ਕੀਤੇ ਜਾਂਦੇ ਹਨ ਅਤੇ ਇਸਦਾ ਪ੍ਰਯੋਗ ਸਥਾਪਿਤ ਕੰਪਨੀਆਂ ਅਤੇ ਨਵੀਆਂ ਫਰਮਾਂ ਦੋਹਾਂ ਦੁਆਰਾ ਕੀਤਾ ਜਾਂਦਾ ਹੈ। ਅਸਲ ਵਿਚ, ਲਾਗਤ-ਲਾਭ ਵਿਸ਼ਲੇਸ਼ਣ ਦੀ ਤਕਨੀਕ ਅਤੇ ਇਸਦੇ ਸਿਧਾਂਤਾਂ ਨੂੰ ਨਿਰਣੇ ਲੈਣ ਦੀ ਕਿਸੇ ਵੀ ਪ੍ਰਕਿਰਿਆ ਤੇ ਲਾਗੂ ਕੀਤਾ ਜਾ ਸਕਦਾ ਹੈ, ਭਾਵੇਂ ਉਹ ਵਪਾਰ ਦਾ ਖੇਤਰ ਹੋਵੇ ਜਾਂ ਕੋਈ ਵੀ ਹੋਰ ਖੇਤਰ।

1. ਲਾਗਤ-ਲਾਭ ਵਿਸ਼ਲੇਸ਼ਣ ਕੀ ਹੁੰਦਾ ਹੈ ?
2. ਲਾਗਤ-ਲਾਭ ਵਿਸ਼ਲੇਸ਼ਣ ਦਾ ਮੂਲ ਉਦੇਸ਼ ਕੀ ਹੁੰਦਾ ਹੈ ?
3. ਲਾਗਤ-ਲਾਭ ਵਿਸ਼ਲੇਸ਼ਣ ਦੇ ਅੰਤਰਗਤ ਕਿਸੇ ਪਰਿਯੋਜਨਾ ਨੂੰ ਕਦੋਂ ਅਪਣਾਇਆ ਜਾਂਦਾ ਹੈ ?
4. ਲਾਗਤ-ਲਾਭ ਵਿਸ਼ਲੇਸ਼ਣ ਦਾ ਕੋਈ ਇਕ ਲਾਭ ਲਿਖੋ।
5. ਕੀ ਲਾਗਤ-ਲਾਭ ਵਿਸ਼ਲੇਸ਼ਣ ਨੂੰ ਸਿਰਫ਼ ਵਪਾਰਿਕ ਫ਼ੈਸਲਿਆਂ ਤੇ ਲਾਗੂ ਕੀਤਾ ਜਾ ਸਕਦਾ ਹੈ ?
6. ਕਿਸ ਪ੍ਰਕਾਰ ਦੇ ਵਪਾਰਿਕ ਉੱਦਮ ਲਾਗਤ-ਲਾਭ ਵਿਸ਼ਲੇਸ਼ਣ ਦਾ ਪ੍ਰਯੋਗ ਕਰ ਸਕਦੇ ਹਨ ?

**(ii) ਹੇਠਾਂ ਦਿੱਤੇ ਗਏ ਪੈਰ੍ਹੇ ਨੂੰ ਪੜ੍ਹੋ ਅਤੇ ਫਿਰ ਉਸਦੇ ਹੇਠਾਂ ਦਿੱਤੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਓ। ਹਰੇਕ ਪ੍ਰਸ਼ਨ ਦਾ 1 ਅੰਕ ਹੈ। 4×4=16**

ਕਿਸੇ ਵੀ ਅਰਥਵਿਵਸਥਾ ਵਿਚ, ਸਾਖ਼ ਨਿਯੰਤਰਨ ਦਾ ਕਾਰਜ ਦੇਸ਼ ਦੇ ਕੇਂਦਰੀ ਬੈਂਕ ਦੁਆਰਾ ਕੀਤਾ ਜਾਂਦਾ ਹੈ, ਜਿਵੇਂ ਕਿ ਭਾਰਤ ਵਿਚ ਆਰ ਬੀ ਆਈ । ਇਸ ਦੁਆਰਾ ਅਜਿਹਾ ਆਪਣੀ ਮੁਦਰਿਕ ਨੀਤੀ ਦੇ ਮਾਤਰਾਤਮਕ ਅਤੇ ਗੁਣਾਤਮਕ ਉਪਾਆਂ ਦੇ ਅੰਤਰਗਤ ਕੀਤਾ ਜਾਂਦਾ ਹੈ। ਮੁਦਰਿਕ ਨੀਤੀ ਦਾ ਇਕ ਨਿਸ਼ਚਿਤ ਸਮੇਂ ਦੇ ਬਾਅਦ ਨਿਰੰਤਰਤਾ ਨਾਲ ਮੁਲਾਂਕਣ ਕੀਤਾ ਜਾਂਦਾ ਹੈ। ਭਾਰਤ ਵਿਚ ਵੀ ਅਜਿਹਾ ਹੀ ਕੀਤਾ ਜਾਂਦਾ ਹੈ। ਆਪਣੀ ਨਵੀਨਤਮ ਮੁਦਰਿਕ ਨੀਤੀ ਘੋਸ਼ਣਾ ਵਿਚ, ਰਿਜ਼ਰਵ ਬੈਂਕ ਆਫ਼ ਇੰਡੀਆ (ਆਰ ਬੀ ਆਈ) ਨੇ ਆਪਣੀ ਨੀਤੀਗਤ ਦਰ ਰੈਪੋ ਦਰ ਨੂੰ ਅਕਤੂਬਰ 2024 ਵਿਚ ਹੋਈ ਇਕਤਰਤਾ ਵਿਚ ਲਗਾਤਾਰ ਦਸਵੀਂ ਵਾਰ 6.5 ਤੋਂ ਹੀ ਸਥਿਰ ਰੱਖਿਆ ਹੈ। ਪਰੰਤੂ ਇਸਨੇ ਆਪਣੇ ਨੀਤੀਗਤ ਦ੍ਰਿਸ਼ਟੀਕੋਣ ਨੂੰ ਹੁਣ 'ਨਿਰਪੱਖ' ਵਿਚ ਪਰਿਵਰਤਿਤ ਕਰ ਲਿਆ ਹੈ। ਇਸ ਨਾਲ, ਅਰਥਵਿਵਸਥਾ ਵਿਚ ਵਿਕਾਸ ਵਿਚ ਖੜੋਤ ਆਉਣ ਦੇ ਸ਼ੁਰੂਆਤੀ ਸੰਕੇਤਾਂ ਦੇ ਕਾਰਨ ਭਵਿੱਖ ਵਿਚ ਵਿਆਜ ਦਰਾਂ ਦੇ ਘਟਣ ਦੀ ਸੰਭਾਵਨਾ ਹੈ। ਇਹ ਫੈਸਲਾ ਉਸ ਸਮੇਂ ਲਿਆ ਗਿਆ ਹੈ ਜਦੋਂ ਮੁਦਰਾ ਸਫੀਤੀ ਦੀ ਦਰ ਥੋੜ੍ਹੀ ਜਿਹੀ ਵਧ ਕੇ ਅਗਸਤ 2024 ਵਿਚ 3.65% ਹੋ ਗਈ ਹੈ। ਇਸ ਵਿਚ ਵਾਧਾ ਮੂਲ ਰੂਪ ਵਿਚ ਭੋਜਨ ਪਦਾਰਥਾਂ ਦੀਆਂ ਕੀਮਤਾਂ ਵਿਚ ਵਾਧੇ ਕਾਰਨ ਹੋਇਆ ਸੀ। ਪਰੰਤੂ ਫਿਰ ਵੀ ਇਹ ਅਜੇ ਵੀ ਪੰਜ ਸਾਲਾਂ ਲਈ ਆਰ ਬੀ ਆਈ ਦੇ ਟੀਚੇ 4% ਤੋਂ ਘੱਟ ਹੈ। ਇਸ ਦੇ ਨਾਲ-ਨਾਲ, ਕੇਂਦਰੀ ਬੈਂਕ ਨੇ ਵਿੱਤੀ ਸਾਲ 2024-25 ਲਈ ਆਰਥਿਕ ਵਿਕਾਸ ਦਰ 7.2% ਹੋਣ ਦਾ ਅਨੁਮਾਨ ਲਗਾਇਆ ਹੈ। ਇਸ ਤੋਂ ਇਲਾਵਾ, ਆਰ ਬੀ ਆਈ ਨੇ ਮੁਦਰਾ ਸਫੀਤੀ ਸੰਬੰਧੀ ਆਪਣਾ ਅਨੁਮਾਨ 4.5% ਦਿੱਤਾ ਹੈ। ਇਸ ਤੋਂ ਇਲਾਵਾ, ਆਰ ਬੀ ਆਈ ਨੇ ਸਥਾਈ ਜਮ੍ਹਾਂ ਸਹੂਲਤ (ਸਟੈਡਿੰਗ ਡਿਪਾਜ਼ਿਟ ਫੈਸਿਲਟੀ: ਐੱਸ ਡੀ ਐੱਫ) ਦਰ ਨੂੰ ਵੀ 6.25% ਤੇ ਸਥਿਰ ਰੱਖਿਆ ਅਤੇ ਬੈਂਕ ਦਰ ਨੂੰ ਵੀ 6.75% ਤੇ ਸਥਿਰ ਰੱਖਿਆ। ਇਸ ਪਿਛੋਕੜ ਵਿਚ, ਇਹ ਆਸ ਕੀਤੀ ਜਾਂਦੀ ਹੈ ਕਿ ਭਾਰਤ ਵਿਚ ਭਵਿੱਖ ਵਿਚ ਇਹਨਾਂ ਦਰਾਂ ਵਿਚ ਨਿਸ਼ਚਿਤ ਹੀ ਕਟੌਤੀ ਹੋਵੇਗੀ। ਅਰਥਵਿਵਸਥਾ ਦੀ ਵਾਧਾ ਪ੍ਰਕਿਰਿਆ ਨੂੰ ਕਾਇਮ ਰੱਖਣ ਲਈ ਇਹ ਜ਼ਰੂਰੀ ਲੱਗਦਾ ਹੈ।

1. ਕਿਸੇ ਵੀ ਅਰਥਵਿਵਸਥਾ ਵਿਚ ਸਾਖ਼ ਦਾ ਨਿਯੰਤਰਨ ਕੌਣ ਕਰਦਾ ਹੈ ?
2. ਕਿਸ ਪ੍ਰਕਾਰ ਦੇ ਉਪਾਆਂ ਦੀ ਮਦਦ ਨਾਲ ਕੇਂਦਰੀ ਬੈਂਕ ਸਾਖ਼ ਦਾ ਨਿਯੰਤਰਨ ਕਰਦਾ ਹੈ ?
3. ਭਾਰਤ ਵਿਚ ਨੀਤੀਗਤ ਦਰ ਕਿਹੜੀ ਹੈ ?
4. ਵਰਤਮਾਨ ਵਿਚ ਭਾਰਤ ਵਿਚ ਰੈਪੋ ਦਰ ਕਿੰਨੀ ਹੈ ?
5. ਸਾਲ 2024-25 ਲਈ ਆਰ. ਬੀ. ਆਈ. ਦਾ ਵਿਕਾਸ ਦਰ ਅਨੁਮਾਨ ਕਿੰਨਾ ਹੈ ?
6. ਭਾਰਤ ਵਿਚ ਭਵਿੱਖ ਵਿਚ ਮੁਦਰਿਕ ਨੀਤੀ ਦਰਾਂ ਵਿਚ ਕਿਸ ਪ੍ਰਕਾਰ ਦੇ ਪਰਿਵਰਤਨਾਂ ਦੀ ਆਸ ਹੈ ?

**ਪ੍ਰਸ਼ਨ 4. ਛੋਟੇ ਉੱਤਰਾਂ ਵਾਲੇ ਪ੍ਰਸ਼ਨ, ਇਹਨਾਂ ਪ੍ਰਸ਼ਨਾਂ ਦਾ ਉੱਤਰ 60- 70 ਸ਼ਬਦਾਂ ਵਿੱਚ ਲਿਖੋ। 4×4 = 16**

(i) ਵਪਾਰਕ ਬੈਂਕਾਂ ਦੇ ਕੋਈ ਚਾਰ ਕਾਰਜਾਂ ਦਾ ਵਰਨਣ ਕਰੋ ?

**ਜਾਂ**

ਮੱਧਵਰਤੀ ਵਸਤਾਂ ਅਤੇ ਅੰਤਿਮ ਵਸਤਾਂ ਵਿੱਚ ਅੰਤਰ ਸਪਸ਼ਟ ਕਰੋ ?

(ii) ਕੇਨਜ਼ੀਅਨ ਵਿਚਾਰਧਾਰਾ ਦੇ ਤਹਿਤ ਕੁੱਲ ਮੰਗ ਅਤੇ ਕੁੱਲ ਪੂਰਤੀ ਦੇ ਦ੍ਰਿਸ਼ਟੀਕੋਣ ਦੇ ਰਾਹੀ ਆਮਦਨ ਅਤੇ ਰੁਜਗਾਰ ਦਾ ਨਿਰਧਾਰਣ ਕਰੋ ?

**ਜਾਂ**

ਪ੍ਰਤੀਕੂਲ ਭੁਗਤਾਨ ਸੰਤੁਲਨ ਨੂੰ ਠੀਕ ਕਰਨ ਦੇ ਕੋਈ ਚਾਰ ਉਪਾਅ ਦੱਸੋ ?

(iii) ਇੱਕ ਉਪਭੋਗਤਾ ਇੱਕ ਵਸਤੂ ਦੀ ਕੀਮਤ 8 ਰੁਪਏ ਪ੍ਰਤੀ ਇਕਾਈ ਹੋਣ ਤੇ ਵਸਤੂ ਦੀਆਂ 100 ਇਕਾਈਆਂ ਖਰੀਦਦਾ ਹੈ। ਮੰਗ ਦੀ ਕੀਮਤ ਲੋਚ (-2) ਹੈ ।ਵਸਤੂਆਂ ਦੀ 6 ਰੁਪਏ ਪ੍ਰਤੀ ਇਕਾਈ ਹੋਣ ਤੋਂ ਉਪਭੋਗਤਾ ਵਸਤੂ ਦੀਆਂ ਕਿੰਨੀਆਂ ਇਕਾਈਆਂ ਖਰੀਦੇਗਾ ।

**ਜਾਂ**

ਵਿਅਸ਼ਟੀ ਅਰਥਸ਼ਾਸਤਰ ਅਤੇ ਸੱਮਸ਼ਟੀ ਅਰਥਸ਼ਾਸਤਰ ਵਿੱਚ ਅੰਤਰ ਸਪੱਸਟ ਕਰੋ।

(iv) ਕੁੱਲ ਪਰਿਵਰਤਨਸ਼ੀਲ ਲਾਗਤ, ਔਸਤ ਸਥਿਰ ਲਾਗਤ, ਔਸਤ ਪਰਿਵਰਤਨਸ਼ੀਲ ਲਾਗਤ ਅਤੇ ਸੀਮਾਂਤ ਲਾਗਤ ਗਿਆਤ ਕਰੋ।

| | | | | | | | |
|---|---|---|---|---|---|---|---|
| ਉਤਪਾਦਨ ਦੀਆਂ ਇਕਾਈਆਂ | 0 | 1 | 2 | 3 | 4 | 5 | 6 |
| ਕੁੱਲ ਲਾਗਤ | 60 | 80 | 100 | 111 | 116 | 130 | 150 |

ਜਾਂ

ਪੂਰਤੀ ਦੇ ਸਥਿਰ ਰਹਿਣ ਤੇ ਮੰਗ ਵਿੱਚ ਪਰਿਵਰਤਨ ਹੋਣ ਕਾਰਨ ਸੰਤੁਲਨ ਕੀਮਤ ਤੇ ਕੀ ਪ੍ਰਭਾਵ ਪਵੇਗਾ ?ਚਿੱਤਰ ਦੀ ਸਹਾਇਤਾ ਨਾਲ ਵਿਆਖਿਆ ਕਰੋ।

**ਪ੍ਰਸ਼ਨ 5. ਵੱਡੇ ਉੱਤਰ ਵਾਲੇ ਪ੍ਰਸ਼ਨ, ਦੋ ਪ੍ਰਸ਼ਨ ਹੱਲ ਕਰੋ ,ਪ੍ਰਸ਼ਨਾਂ ਦਾ ਉੱਤਰ 100 ਤੋਂ 150 ਸ਼ਬਦਾਂ ਵਿੱਚ ਹੋ ਸਕਦਾ ਹੈ।** 6×2 = 12

(i) ਭਾਰਤ ਵਿੱਚ ਮੌਜੂਦਾ ਕਿਹੜੀ ਵਿਦੇਸ਼ੀ ਵਟਾਂਦਰਾ ਦਰ ਪ੍ਰਚੱਲਿਤ ਹੈ? ਰੇਖਾ ਚਿੱਤਰ ਰਾਹੀਂ ਉਸ ਦਾ ਨਿਰਧਾਰਨ ਕਰੋ ।

**ਜਾਂ**

**ਹੇਠ ਦਿੱਤੇ ਅੰਕੜਿਆਂ ਤੋਂ ਪਤਾ ਕਰੋ**

a) ਰਾਸ਼ਟਰੀ ਆਮਦਨ b) ਬਜ਼ਾਰ ਕੀਮਤਾ ਤੇ ਕੁੱਲ ਘਰੇਲੂ ਉਤਪਾਦ

| **ਮਦਾਂ** | **ਕਰੋੜ ਰੁਪਏ** |
|---|---|
| 1. ਨਿੱਜੀ ਅੰਤਿਮ ਉਪਭੋਗ ਖਰਚ | 118557 |
| 2. ਸਰਕਾਰੀ ਅੰਤਿਮ ਉਪਭੋਗ ਖਰਚ | 20510 |
| 3. ਸਥਾਈ ਪੂੰਜੀ ਦਾ ਉਪਭੋਗ | 2000 |
| 4. ਕੁੱਲ ਘਰੇਲੂ ਸਥਾਈ ਪੂੰਜੀ ਨਿਰਮਾਣ | 9860 |
| 5. ਨਿਰਯਾਤ | 13720 |
| 6.ਆਯਾਤ | 15000 |
| 7. ਵਿਦੇਸ਼ਾਂ ਤੋਂ ਪ੍ਰਾਪਤ ਸ਼ੁੱਧ ਸਾਧਨ ਆਮਦਨ | -110 |
| 8. ਸਟਾਕ ਵਿੱਚ ਪਰਿਵਰਤਨ | 2560 |
| 9. ਅਪ੍ਰਤੱਖ ਕਰ | 300 |
| 10. ਆਰਥਿਕ ਸਹਾਇਤਾ | 198 |

(ii). ਉਤਪਾਦਨ ਸੰਭਾਵਨਾ ਵਕਰ ਦੀ ਸਹਾਇਤਾ ਨਾਲ ਇੱਕ ਅਰਥਵਿਵਸਥਾ ਦੀਆਂ ਕੇਂਦਰੀ ਸਮੱਸਿਆਵਾਂ ਦੀ ਵਿਆਖਿਆ ਕਰੋ ।

ਜਾਂ

ਇੱਕ ਚਿੱਤਰ ਦੀ ਮਦਦ ਨਾਲ ਘੱਟਦੇ - ਵੱਧਦੇ ਅਨੁਪਾਤ ਦੇ ਨਿਯਮ ਦੀ ਵਿਆਖਿਆ ਕਰੋ।